Punjabi - Number 71b
June 2011

# ਬੱਚਿਆਂ ਦੀ ਸੁਣਨ ਸ਼ਕਤੀ ਦੇ ਟੈੱਸਟ
## Hearing Tests for Children

ਬੱਚੇ ਜਨਮ ਤੋਂ ਹੀ ਬੋਲਣਾ ਅਤੇ ਬੋਲੀ ਸਿੱਖਣੀ ਸ਼ੁਰੂ ਕਰ ਦਿੰਦੇ ਹਨ। ਜੇ ਤੁਹਾਡਾ ਬੱਚਾ ਚੰਗੀ ਤਰਾਂ ਸੁਣ ਨਹੀਂ ਸਕਦਾ ਤਾਂ ਉਸ ਨੂੰ ਬੋਲੀ ਦੇ ਸੁਚੱਜੇ ਵਿਕਾਸ ਅਤੇ ਬੋਲਣਾ ਸਿੱਖਣ ਵਿੱਚ ਮੁਸ਼ਕਲ ਹੋ ਸਕਦੀ ਹੈ।

ਬੱਚਿਆਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ ਵਿੱਚ ਸੁਣਨ ਸ਼ਕਤੀ ਮਹੱਤਵਪੂਰਨ ਭੂਮਕਾ ਨਿਭਾਉਂਦੀ ਹੈ। ਇਹ ਬੜਾ ਮਹੱਤਵਪੂਰਨ ਹੈ ਕਿ ਘੱਟ ਸੁਣਨ ਦੀਆਂ ਨਿਸ਼ਾਨੀਆਂ ਨੂੰ ਸ਼ੁਰੂ ਤੋਂ ਹੀ ਪਛਾਣਿਆ ਜਾਏ ਤਾਂ ਕਿ ਨੁਕਸਾਨ ਨੂੰ ਰੋਕਿਆ ਜਾਂ ਘਟਾਇਆ ਜਾਏ।

### ਮੇਰੇ ਬੱਚੇ ਦੀ ਰੁਟੀਨ ਜਾਂਚ ਪੜਤਾਲ ਕੀ ਹੋਵੇਗੀ?

ਨਵੇਂ ਜੰਮੇਂ ਬੱਚਿਆਂ ਅਤੇ ਪਰਵਾਰਾਂ ਲਈ ਸੁਣਨ ਸ਼ਕਤੀ ਦੇ ਟੈੱਸਟ ਬੜੇ ਮਹੱਤਵਪੂਰਨ ਹਨ ਕਿਉਂਕਿ ਜੇ ਸੁਣਨ ਦੀ ਕਮੀ ਦਾ ਪਹਿਲਾਂ ਪਤਾ ਲੱਗ ਜਾਏ ਤਾਂ ਕਾਫ਼ੀ ਕੁੱਝ ਕੀਤਾ ਜਾ ਸਕਦਾ ਹੈ।

ਤਕਰੀਬਨ 300 ਵਿੱਚੋਂ 1 ਬੱਚੇ ਵਿੱਚ ਸੁਣਨ ਦੀ ਕਮੀ ਹੁੰਦੀ ਹੈ। ਬੀ.ਸੀ. ਵਿੱਚ, ਬੀ.ਸੀ. ਅਰਲੀ ਹੀਅਰਿੰਗ ਪ੍ਰੋਗਰਾਮ (Early Hearing Program) ਰਾਹੀਂ ਸਾਰੇ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਪੜਤਾਲ ਹੁੰਦੀ ਹੈ। ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਤੁਹਾਡੇ ਹਸਪਤਾਲ ਵਿੱਚੋਂ ਜਾਣ ਤੋਂ ਪਹਿਲਾਂ ਜਾਂ ਜਨਮ ਤੋਂ ਜਲਦੀ ਬਾਅਦ ਤੁਹਾਡੇ ਭਾਈਚਾਰੇ ਵਿੱਚ ਹੋ ਸਕਦੀ ਹੈ। ਜੇ ਤੁਹਾਡੇ ਬੱਚੇ ਦੀ ਜਾਂਚ ਨਹੀਂ ਹੋਈ ਤਾਂ ਆਪਣੀ ਲੋਕਲ ਪਬਲਿਕ ਹੈੱਲਥ ਯੂਨਿਟ ਨੂੰ ਸੰਪਰਕ ਕਰੋ।

ਸੁਣਨ ਸ਼ਕਤੀ ਦੀ ਜਾਂਚ ਬਿਲਕੁਲ ਸੁਰੱਖਿਅਤ ਹੁੰਦੀ ਹੈ ਅਤੇ ਤੁਹਾਡੇ ਬੱਚੇ ਨੂੰ ਕੋਈ ਤਕਲੀਫ਼ ਨਹੀਂ ਹੋਵੇਗੀ। ਤੁਹਾਡੇ ਬੱਚੇ ਦੇ ਕੰਨਾਂ ਵਿੱਚ ਬੜੀਆਂ ਕੋਮਲ ਅਵਾਜ਼ਾਂ ਸੁਣਾਈਆਂ ਜਾਂਦੀਆਂ ਹਨ ਅਤੇ ਕੰਪਿਊਟਰ ਬੱਚੇ ਦੇ ਪ੍ਰਤੀਕਰਮ ਨਾਪਦਾ ਹੈ।

### ਜੇ ਮੈਨੂੰ ਇਹ ਲੱਗੇ ਕਿ ਮੇਰੇ ਬੱਚੇ ਦੀ ਸੁਣਨ ਸ਼ਕਤੀ ਘੱਟ ਹੈ ਤਾਂ ਮੈਂ ਕੀ ਕਰ ਸਕਦਾ ਹਾਂ?

ਸੁਣਨ ਸ਼ਕਤੀ ਦੀ ਕਮੀ ਦਾ ਪਤਾ ਲੱਗਣਾ ਮੁਸ਼ਕਲ ਹੋ ਸਕਦਾ ਹੈ। ਸੁਣਨ ਸ਼ਕਤੀ ਦੀ ਮਮੂਲੀ ਕਮੀ ਨੂੰ ਕਈ ਵਾਰ ਕੁੱਝ ਹੋਰ ਹੀ ਸਮਝ ਲਿਆ ਜਾਂਦਾ ਹੈ ਅਤੇ ਜਿਸ ਕਰ ਕੇ ਬੱਚਾ ਡੌਰ ਭੌਰਾ ਜਾਂ ਚੁੱਪ ਚਾਪ ਜਿਹਾ ਨਜ਼ਰ ਆਉਣ ਲੱਗਦਾ ਹੈ। ਜੇ ਕੋਈ ਕਮੀ ਹੈ ਤਾਂ ਮਾਪਿਆਂ ਨੂੰ ਸਭ ਤੋਂ ਪਹਿਲਾਂ ਪਤਾ ਲੱਗਦਾ ਹੈ।

ਜੇ ਤੁਹਾਨੂੰ ਬੱਚੇ ਦੀ ਸੁਣਨ ਸ਼ਕਤੀ ਬਾਰੇ ਕੋਈ ਚਿੰਤਾ ਹੈ ਤਾਂ ਲੋਕਲ ਪਬਲਿਕ ਹੈੱਲਥ ਹੀਅਰਿੰਗ ਕਲੀਨਿਕ ਜਾਂ ਆਪਣੇ ਡਾਕਟਰ ਨੂੰ ਮਿਲੋ। ਆਪਣੇ ਡਾਕਟਰ ਨੂੰ ਇੱਕ ਦਮ ਮਿਲੋ ਜੇ ਤੁਹਾਡੇ ਬੱਚੇ ਨੂੰ ਹੇਠ ਲਿਖੀਆਂ ਵਿੱਚੋਂ ਕੋਈ ਵੀ ਤਕਲੀਫ਼ ਹੈ:

- ਕੰਨਾਂ ਵਿੱਚੋਂ ਪਾਣੀ ਜਿਹਾ ਨਿਕਲਦਾ ਹੈ
- ਕੰਨਾਂ ਵਿੱਚ ਦਰਦ ਹੁੰਦੀ ਹੈ
- ਕੰਨਾਂ ਵਿੱਚੋਂ ਬੁਰੀ ਗੰਧ ਆਉਂਦੀ ਹੈ
- ਕੰਨ ਦੇ ਦੁਆਲੇ ਦੀ ਚਮੜੀ ਲਾਲ ਹੋ ਗਈ ਹੈ
- ਕੰਨ ਵਿੱਚ ਕੋਈ ਚੀਜ਼ ਫਸ ਗਈ ਹੈ

### ਮੇਰੇ ਬੱਚੇ ਦੀ ਸੁਣਨ ਸ਼ਕਤੀ ਦੇ ਕਿਹੜੇ ਟੈੱਸਟ ਹੋਣਗੇ?

#### ਨਿਆਣਿਆਂ ਅਤੇ ਰਿੜ੍ਹਨ ਵਾਲੇ ਬੱਚਿਆਂ ਲਈ ਟੈੱਸਟ

- **ਦੇਖਣ-ਸੁਣਨ ਦੀ ਸ਼ਕਤੀ ਦਾ ਟੈੱਸਟ (VRA)**
  ਇਹ ਟੈੱਸਟ ਆਮ ਤੌਰ ਤੇ 6 ਮਹੀਨਿਆਂ ਤੋਂ ਵੱਡੇ ਬੱਚਿਆਂ ਲਈ ਹੈ। ਇਸ ਟੈੱਸਟ ਵਿੱਚ ਚੈੱਕ ਕੀਤਾ ਜਾਂਦਾ ਹੈ ਕਿ ਬੱਚਾ ਅਵਾਜ਼ ਆਉਣ ਵਾਲੇ ਪਾਸੇ ਵੱਲ ਸਿਰ ਘੁਮਾ ਕੇ ਦੇਖਦਾ ਹੈ ਕਿ ਨਹੀਂ। ਤੁਹਾਡੇ ਬੱਚੇ ਨੂੰ ਸਿਖਾਇਆ ਜਾਂਦਾ ਹੈ ਕਿ ਉਹ ਉਨ੍ਹਾਂ ਅਵਾਜ਼ ਕਰਨ ਵਾਲੇ ਖਿਡੌਣਿਆਂ ਵਲ ਦੇਖੇ ਜੋ ਰੌਸ਼ਨੀ ਕਰਦੇ ਹਨ।

- **ਸੁਣ ਸਮਝ ਕੇ ਖੇਡਣਾ (Conditioned Play Audiometry)**
  ਇਹ ਟੈੱਸਟ 3 ਸਾਲ ਤੋਂ ਵੱਡੇ ਬੱਚਿਆਂ ਲਈ ਕੀਤਾ ਜਾਂਦਾ ਹੈ। ਤੁਹਾਡੇ ਬੱਚੇ ਨੂੰ ਕੋਈ ਖੇਡ ਸਿਖਾਈ ਜਾਂਦੀ ਹੈ ਜਿਵੇਂ ਕਿ ਜਦੋਂ ਵੀ ਅਵਾਜ਼ ਸੁਣੇ ਤਾਂ ਉਹ ਖਿਡੌਣੇ ਨੂੰ ਇੱਕ ਖ਼ਾਸ ਜਗ੍ਹਾ ਤੇ ਰੱਖੇ।

- **ਅਵਾਜ਼ ਸੁਣਨ ਵਾਲੇ ਤੰਤੂਆਂ ਦੀ ਪ੍ਰਤੀਕਿਰਿਆ {Auditory Brainstem Response (ABR)}**
  ਇਹ ਟੈੱਸਟ ਕਰਨ ਲਈ ਬੱਚੇ ਨੂੰ ਸੌਣਾ ਪੈਂਦਾ ਹੈ। ਛੋਟੇ ਈਅਰਫ਼ੋਨ ਲਗਾ ਕੇ ਕੰਨਾਂ ਕੋਲ ਅਵਾਜ਼ ਕੀਤੀ ਜਾਂਦੀ ਹੈ। ਅਵਾਜ਼ ਸੁਣਨ ਵਾਲੇ ਤੰਤੂਆਂ ਦੀ ਪ੍ਰਤੀਕਿਰਿਆ ਨੂੰ ਨਾਪਣ ਲਈ ਹਰ ਇੱਕ ਕੰਨ ਦੇ ਪਿੱਛੇ ਅਤੇ ਮੱਥੇ ਤੇ ਛੋਟੇ ਸੈਂਸਰ ਲਗਾਏ ਜਾਂਦੇ ਹਨ। ਇਹ ਟੈੱਸਟ ਕੁਦਰਤੀ ਸੁੱਤਿਆਂ ਹੋਇਆਂ ਜਾਂ ਜੇ ਜ਼ਰੂਰਤ ਹੋਵੇ ਤਾਂ ਹਲਕੀ ਜਿਹੀ ਸੌਣ ਵਾਲੀ ਦਵਾਈ ਦੇ ਕੇ ਕੀਤਾ ਜਾ ਸਕਦਾ ਹੈ।

## 4 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਬੱਚਿਆਂ ਦੇ ਟੈੱਸਟ

- **ਖ਼ਾਲਸ ਅਵਾਜ਼ਾਂ ਸੁਣਨ ਦਾ ਟੈੱਸਟ (Pure Tone Audiometry)**
  ਤੁਹਾਡਾ ਬੱਚਾ ਅਵਾਜ਼ ਸੁਣ ਕੇ ਹੱਥ ਖੜ੍ਹਾ ਕਰ ਕੇ ਜਾਂ ਬਟਨ ਦਬਾ ਕੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਾ ਹੈ। ਹੈੱਡ ਫ਼ੋਨ ਰਾਹੀਂ ਉੱਚੀਆਂ-ਨੀਵੀਂਆਂ ਅਤੇ ਬਰੀਕ-ਮੋਟੀਆਂ ਵੱਖ ਵੱਖ ਅਵਾਜ਼ਾਂ ਸੁਣਾਈਆਂ ਜਾਂਦੀਆਂ ਹਨ।

- **ਬੋਲਣ ਸੁਣਨ ਦਾ ਟੈੱਸਟ (Speech Audiometry)**
  ਤੁਹਾਡਾ ਬੱਚਾ ਸ਼ਬਦਾਂ ਨੂੰ ਦੁਹਰਾਏਗਾ ਜਾਂ ਫ਼ੋਟੋ ਵਲ ਇਸ਼ਾਰਾ ਕਰੇਗਾ। ਇਹ ਟੈੱਸਟ ਅਤੇ ਪਿਛਲਾ ਟੈੱਸਟ ਮਿਲ ਕੇ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਪੂਰੀ ਜਾਣਕਾਰੀ ਦਿੰਦੇ ਹਨ।

## ਸਾਰੀਆਂ ਉਮਰਾਂ ਲਈ ਟੈੱਸਟ

- **ਟੈਂਪਨੋਮੀਟਰੀ (Tympanometry)**
  ਇਹ ਟੈੱਸਟ ਕੰਨ ਦੇ ਪਰਦੇ ਦੀ ਹਿਲਜੁਲ ਨੂੰ ਨਾਪਦਾ ਹੈ ਅਤੇ ਕੰਨ ਵਿੱਚ ਤਰਲ ਦਾ ਪਤਾ ਕਰਦਾ ਹੈ।

- **ਆਟੋਅਕਾਉਸਟਿਕ ਐਮਿਸ਼ਨਜ਼ {Otoacoustic Emissions (called OAE)}**
  ਇੱਕ ਛੋਟਾ ਜਿਹਾ ਈਅਰਪੀਸ ਕੰਨ ਦੇ ਬਾਹਰ ਲਗਾਇਆ ਜਾਂਦਾ ਹੈ। ਕੰਨ ਵਿੱਚ ਅਵਾਜ਼ ਭੇਜੀ ਜਾਂਦੀ ਹੈ। ਜਦੋਂ ਕੰਨ ਅਵਾਜ਼ ਸੁਣਦਾ ਹੈ ਤਾਂ ਅੰਦਰਲਾ ਹਿੱਸਾ ਜਿਸ ਨੂੰ ਕੋਚੇਲਾ (cochlea) ਕਹਿੰਦੇ ਹਨ ਉਹ ਪ੍ਰਤੀਕਿਰਿਆ ਕਰਦਾ ਹੈ ਜਿਸ ਨੂੰ ਆਟੋਅਕਾਉਸਟਿਕ ਐਮਿਸ਼ਨ ਕਹਿੰਦੇ ਹਨ ਜੋ ਨਾਪੀ ਜਾ ਸਕਦੀ ਹੈ। ਐਮਿਸ਼ਨਜ਼ ਹੋਣ ਦਾ ਆਮ ਤੌਰ ਤੇ ਇਹ ਹੀ ਮਤਲਬ ਹੈ ਕਿ ਸੁਣਨ ਸ਼ਕਤੀ ਠੀਕ ਹੈ।

## ਕੀ ਸੁਣਨ ਸ਼ਕਤੀ ਦੀ ਕਮੀ ਆਰਜ਼ੀ ਹੈ ਜਾਂ ਸਥਾਈ ਹੁੰਦੀ ਹੈ?

ਸੁਣਨ ਸ਼ਕਤੀ ਦੀ ਕਮੀ ਆਰਜ਼ੀ ਜਾਂ ਸਥਾਈ ਹੋ ਸਕਦੀ ਹੈ। ਆਰਜ਼ੀ ਕਮੀ ਨੂੰ ਕੰਡਕਟਿਵ (conductive) ਅਤੇ ਸਥਾਈ ਕਮੀ ਨੂੰ ਸੈਂਸੋਰੀਨਿਉਰਲ (sensorineural) ਕਹਿੰਦੇ ਹਨ। ਛੋਟੇ ਬੱਚਿਆਂ ਵਿੱਚ ਸੁਣਨ ਸ਼ਕਤੀ ਦੀ ਕਮੀ ਆਮ ਤੌਰ ਤੇ ਆਰਜ਼ੀ ਹੁੰਦੀ ਹੈ ਜਾਂ ਜਿਸ ਦਾ ਇਲਾਜ ਹੋ ਸਕਦਾ ਹੈ।

ਕੰਨਾਂ ਦਾ ਮਾਹਿਰ (audiologist) ਇਹ ਨਿਸ਼ਚਿਤ ਕਰੇਗਾ ਕਿ ਬੱਚੇ ਵਿੱਚ ਸੁਣਨ ਦੀ ਕਮੀ ਕਿਸ ਕਿਸਮ ਦੀ ਹੈ। ਕੰਨਾਂ ਦਾ ਮਾਹਿਰ ਉਹ ਵਿਅਕਤੀ ਹੈ ਜਿਸ ਨੂੰ ਸੁਣਨ ਸ਼ਕਤੀ ਦੀ ਜਾਂਚ ਅਤੇ ਇਲਾਜ ਲਈ ਖ਼ਾਸ ਸਿਖਲਾਈ ਮਿਲੀ ਹੁੰਦੀ ਹੈ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca ’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 ’ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।